ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।

ਦਫ਼ਤਰੀ ਕਾਰਜ ਲਈ ਨੋਟਿਸ

ਨੰਬਰ- (ਈ-539042/2023)/(ਪੀ-3)/

ਮਿਤੀ, ਐਸ.ਏ.ਐਸ.ਨਗਰ- 18.08.2025

**ਇਸ ਦਫਤਰ ਵੱਲੋਂ ਵਿਭਾਗ ਦੀ ਵੈੱਬਸਾਈਟ ਤੇ ਜਾਰੀ ਨੋਟਿਸ ਨੰਬਰ (ਈ-539042/2023)/(ਪੀ-3) ਮਿਤੀ 13/08/2025 ਦੀ ਲਗਾਤਾਰਤਾ ਵਿੱਚ-**

1. ਉਕਤ ਨੋਟਿਸ ਦੇ ਨੁਕਤਾ ਨੰਬਰ 7 ਵਿੱਚ ਸੋਧ ਕਰਦਿਆਂ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੋ ਈਟੀਟੀ/ ਜੇਬੀਟੀ ਕਾਡਰ ਦੇ ਕਰਮਚਾਰੀ ਮਾਸਟਰ ਕਾਡਰ ਦੇ ਇੱਕ ਤੋਂ ਵੱਧ ਵਿਸ਼ਿਆਂ ਲਈ ਯੋਗਤਾ ਰੱਖਦੇ ਹਨ, ਉਹ ਵੱਖੋ-ਵੱਖ ਹਰੇਕ ਵਿਸ਼ੇ ਲਈ ਆਪਣਾ ਕੇਸ ਭੇਜ ਸਕਦੇ ਹਨ ਪਰੰਤੂ ਸਬੰਧਤ ਜਿਲਾ ਸਿੱਖਿਆ ਅਫਸਰ (ਸੈ.) ਇਹ ਯਕੀਨੀ ਬਣਾਉਣਗੇ ਕਿ ਉਹਨਾਂ ਵੱਲੋਂ ਸੰਕਲਿਤ ਪਾਤਰਤਾ ਸੂਚੀਆਂ ਕੇਵਲ ਵਿਸ਼ਾਵਾਰ ਹੀ ਤਿਆਰ ਕੀਤੀਆਂ ਜਾਣ। ਅਰਥਾਤ ਇੱਕ ਵਰਕਸ਼ੀਟ ਵਿੱਚ ਕੇਵਲ ਇੱਕ ਵਿਸ਼ੇ ਦੇ ਹੀ ਕਰਮਚਾਰੀਆਂ ਦੇ ਵੇਰਵੇ ਦਰਜ ਕੀਤੇ ਜਾਣ। ਨਿਰਧਾਰਿਤ ਪਰਫਾਰਮੇ ਦੇ ਕਾਲਮ ਨੰਬਰ 12 ਵਿੱਚ ਕਿਸੇ ਵੀ ਹਾਲਤ ਵਿੱਚ ਇੱਕ ਤੋਂ ਵੱਧ ਵਿਸ਼ਾ ਦਰਜ ਨਾ ਕੀਤਾ ਜਾਵੇ। ਜੋ ਕਰਮਚਾਰੀ ਇੱਕ ਤੋਂ ਵਧੇਰੇ ਵਿਸ਼ਿਆਂ ਲਈ ਕੇਸ ਜਮ੍ਹਾ ਕਰਾਉਣ, ਉਹਨਾਂ ਦਾ ਇੰਦਰਾਜ਼ ਵਿਸ਼ਿਆਂ ਅਨੁਸਾਰ ਵੱਖ ਵੱਖ ਵਰਕਸ਼ੀਟਾਂ ਵਿੱਚ ਕੀਤਾ ਜਾਵੇ।
2. ਇਹ ਵੀ ਧਿਆਨ ਵਿੱਚ ਆਇਆ ਹੈ ਐਲੀਮੈਂਟਰੀ ਵਿਭਾਗ ਦੇ ਜਿਲਿਆਂ ਦੇ ਦਫ਼ਤਰਾਂ ਵੱਲੋਂ ਈ.ਟੀ.ਟੀ. ਕਾਡਰ ਦੇ ਕਰਮਚਾਰੀਆਂ ਦੀ ਇੰਟਰਸੇ ਸੀਨੀਆਰਤਾ ਤਿਆਰ ਕਰਨ ਲਈ ਕੁਝ ਕੇਸ ਭੇਜਣ ਤੋਂ ਰਹਿ ਗਏ ਹਨ, ਜਿਸ ਕਾਰਨ ਸਬੰਧਤ ਕਰਮਚਾਰੀਆਂ ਦੇ ਨਾਮ ਵਿਭਾਗ ਦੀ ਵੈੱਬਸਾਈਟ ਤੇ ਜਾਰੀ ਈ.ਟੀ.ਟੀ. ਕਾਡਰ ਦੀ ਸੀਨੀਆਰਤਾ ਵਿੱਚ ਸ਼ਾਮਿਲ ਹੋਣ ਤੋਂ ਰਹਿ ਗਏ ਹਨ। ਇਸ ਲਈ ਲਿਖਿਆ ਜਾਂਦਾ ਹੈ ਕਿ ਜਿੰਨਾਂ ਕਰਮਚਾਰੀਆਂ ਦੇ ਨਾਮ ਇੰਟਰਸੇ ਸੀਨੀਆਰਤਾ ਵਿੱਚ ਸ਼ਾਮਿਲ ਕਰਨ ਤੋਂ ਰਹਿ ਗਏ ਹਨ, ਉਨਾਂ ਦਾ ਨਾਮ ਸਮੇਂ ਸਿਰ ਨਾ ਭੇਜਣ ਦਾ ਕਾਰਨ ਸਪੱਸ਼ਟ ਕਰਦਿਆਂ, ਮੁਕੰਮਲ ਸੂਚੀ, ਪ੍ਰੋਫਾਰਮਾ "ੳ", ਵਿੱਚ ਤਿਆਰ ਕਰਕੇ ਇਸ ਦਫ਼ਤਰ ਦੀ ਈ-ਮੇਲ ਆਈ.ਡੀ. databackup.promotions2024@gmail.com ਤੇ ਮਿਤੀ 20.08.2025 ਤੱਕ ਭੇਜਣੀ ਯਕੀਨੀ ਬਣਾਈ ਜਾਵੇ।
3. ਉਕਤ ਅਨੁਸਾਰ ਜਿੰਨਾਂ ਜੇ.ਬੀ.ਟੀ. / ਈ.ਟੀ.ਟੀ. ਕਰਮਚਾਰੀਆਂ ਦਾ ਨਾਮ, ਇੰਟਰਸੇ ਸੀਨੀਆਰਤਾ ਵਿੱਚ ਦਰਜ ਨਹੀਂ ਹੈ, ਪ੍ਰੰਤੂ ਉਹ ਮਿਤੀ 02.06.2025 ਤੱਕ ਪਦ-ਉੱਨਤੀ ਦੀਆਂ ਯੋਗਤਾਵਾਂ ਪੂਰੀਆਂ ਕਰਦੇ ਹਨ, ਉਨਾਂ ਦੇ ਕੇਸ ਵੀ ਪ੍ਰਾਪਤ ਕਰ ਲਏ ਜਾਣ ਅਤੇ ਇੰਟਰਸੇ ਸੀਨੀਆਰਤਾ ਦਾ ਕਾਲਮ ਖਾਲੀ ਛੱਡ ਲਿਆ ਜਾਵੇ, ਜੋ ਕਿ ਇੰਟਰਸੇ ਸੀਨੀਆਰਤਾ ਨੰਬਰ ਅਲਾਟ ਕਰਨ ਉਪਰੰਤ ਭਰ ਲਿਆ ਜਾਵੇਗਾ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)